Punjabi - Number 103c
October 2007

# ਰੈਜ਼ੀਡੈਂਸ਼ੀਅਲ ਕੇਅਰ ਵਿੱਚ ਰਹਿੰਦੇ ਬਜ਼ੁਰਗਾਂ ਦੀ ਐਮਰਜੈਂਸੀ ਦੌਰਾਨ ਦੇਖ ਭਾਲ

# Caring for Seniors in Residential Care in an Emergency

ਜੰਗਲ ਦੀ ਅੱਗ, ਹੜ੍ਹ, ਭੁਚਾਲ ਅਤੇ ਝੱਖੜ ਜਿਹੀਆਂ ਆਫ਼ਤਾਂ ਵਿਰੁੱਧ ਯੋਜਨਾ ਬਣਾਉਨ ਅਤੇ ਕਾਬੂ ਪਾਉਣ ਦੇ ਤਰੀਕਿਆਂ ਵਿੱਚ ਬਜ਼ੁਰਗਾਂ ਖਾਸ ਕਰ ਰੈਜ਼ੀਡੈਂਸ਼ੀਅਲ ਕੇਅਰ ਸੁਵਿਧਾਵਾਂ ਵਿੱਚ ਰਹਿੰਦਿਆਂ ਦੀਆਂ ਲੋੜਾਂ ਵੱਲ ਧਿਆਨ ਦੇਣ ਦੀ ਲੋੜ ਹੁੰਦੀ ਹੈ।

## ਰੈਜ਼ੀਡੈਂਸ਼ੀਅਲ ਕੇਅਰ ਸੁਵਿਧਾ ਵਿੱਚ ਰਹਿੰਦੇ ਪਰਵਾਰਕ ਮੈਂਬਰ ਦੀ ਦੇਖ ਭਾਲ

ਸਾਰੀਆਂ ਸਿਹਤ ਸੰਭਾਲ ਅਤੇ ਰੈਜ਼ੀਡੈਂਸ਼ੀਅਲ ਕੇਅਰ ਸੰਸਥਾਵਾਂ ਦੇ ਐਮਰਜੈਂਸੀ ਸਮੇਂ ਦੀਆਂ ਤਿਆਰੀਆਂ ਦੇ ਪਲੈਨ ਬੀ.ਸੀ. ਦੇ ਸਿਹਤ ਅਧੀਕਾਰੀਆਂ ਕੋਲ ਹੋਣੇ ਚਾਹੀਦੇ ਹਨ। ਐਮਰਜੈਂਸੀ ਦੌਰਾਨ, ਹਸਪਤਾਲਾਂ ਅਤੇ ਹੈੱਲਥ ਕੇਅਰ ਸੁਵਿਧਾਵਾਂ ਵਿੱਚੋਂ ਕੱਢੇ ਗਏ ਲੋਕਾਂ ਦਾ ਧਿਆਨ ਸਿਹਤ ਅਧੀਕਾਰੀਆਂ ਨੂੰ ਲਗਾਤਾਰ ਕਰਦੇ ਰਹਿਣਾ ਚਾਹੀਦਾ ਹੈ।

ਬਜ਼ੁਰਗ ਚਾਹੇ ਰੈਜ਼ੀਡੈਂਸ਼ੀਅਲ ਕੇਅਰ ਸੁਵਿਧਾ ਵਿੱਚ ਰਹਿਣ ਜਾਂ ਕਿਸੇ ਹੋਰ ਜਗ੍ਹਾ ਤੇ ਚਲੇ ਜਾਣ ਉਨ੍ਹਾਂ ਦੀ ਸੁਰੱਖਿਆ ਸੁਨਿਸ਼ਚਿਤ ਕਰਨ ਲਈ ਰੈਜ਼ੀਡੈਂਸ਼ੀਅਲ ਕੇਅਰ ਸੁਵਿਧਾਵਾਂ ਸਿਹਤ ਅਧੀਕਾਰੀਆਂ ਅਤੇ ਲੋਕਲ ਐਮਰਜੈਂਸੀ ਕਰਮਚਾਰੀਆਂ ਨਾਲ ਮਿਲ ਕੇ ਕੰਮ ਕਰਨਗੀਆਂ।

ਜਿਸ ਰੈਸੀਡੈਂਸ਼ੀਅਲ ਕੇਅਰ ਸੁਵਿਧਾ ਵਿੱਚ ਤੁਹਾਡੇ ਪਰਵਾਰ ਦਾ ਮੈਂਬਰ ਰਹਿੰਦਾ ਹੈ ਉੱਥੇ ਐਮਰਜੈਂਸੀ ਦੀ ਤਿਆਰੀ ਅਤੇ ਪਲੈਨਿੰਗ ਦੀ ਜਾਣਕਾਰੀ ਬਾਰੇ ਇਹ ਪੁੱਛੋ:

- ਉਸ ਸੁਵਿਧਾ ਦਾ ਖਾਲੀ ਕਰਨ ਦਾ ਕੀ ਪਲੈਨ ਹੈ?
- ਇਸ ਸੁਵਿਧਾ ਦੇ ਲੋਕ ਕਿੱਥੇ ਜਾਣਗੇ ਜਾਂ ਕਿੱਥੇ ਰੱਖੋਗੇ?
- ਐਮਰਜੈਂਸੀ ਦੌਰਾਨ ਪਰਵਾਰ ਦੀ ਕੀ ਭੂਮਿਕਾ ਹੈ?

ਐਮਰਜੈਂਸੀ ਦੌਰਾਨ ਕਈ ਪਰਵਾਰ ਆਪਣੇ ਮੈਂਬਰਾਂ ਦੀ ਦੇਖ ਭਾਲ ਆਪੇ ਕਰਨਾ ਚਾਹੁਣਗੇ। ਜੇ ਐਮਰਜੈਂਸੀ ਦੌਰਾਨ ਆਪਣੇ ਪਰਵਾਰਕ ਮੈਂਬਰ ਦੀ ਦੇਖ ਭਾਲ ਤੁਸੀਂ ਆਪ ਕਰਨਾ ਚਾਹੁੰਦੇ ਹੋ ਤਾਂ ਤੁਹਾਨੂੰ ਇਹ ਵਿਚਾਰਨਾ ਚਾਹੀਦਾ ਹੈ ਕਿ ਤੁਹਾਡੇ ਘਰ ਵਿੱਚ ਉਚਿਤ ਥਾਂ ਹੈ, ਤੁਹਾਡੇ ਕੋਲ ਪੇਚੀਦਾ ਸਿਹਤ ਸਮੱਸਿਆਵਾਂ ਅਤੇ/ਜਾਂ ਪਾਗਲਪਣ ਦੀ ਦੇਖ ਭਾਲ ਕਰਨ ਦੀ ਯੋਗਤਾ ਹੈ, ਅਤੇ ਤੁਸੀਂ ਆਪਣੀ ਦੇਖ ਭਾਲ ਕਰਨ ਦੇ ਨਾਲ ਆਪਣੇ ਪਰਵਾਰਕ ਮੈਂਬਰ ਦੀ ਦੇਖ ਭਾਲ ਕਿਵੇਂ ਕਰ ਸਕੋਗੇ। ਇਸ ਲਈ ਜ਼ਰੂਰੀ ਸੋਚਣ ਵਾਲੀਆਂ ਚੀਜ਼ਾਂ ਵਿੱਚ ਸ਼ਾਮਲ ਹਨ:

- ਵਾਕਰ ਜਾਂ ਵ੍ਹੀਲਚੇਅਰ ਜੈਸੀਆਂ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਜਾਣ ਦੀਆਂ ਸਹੂਲਤਾਂ
- ਦਵਾਈਆਂ ਨੂੰ ਸਟੋਰ ਕਰਨਾ ਅਤੇ ਸਮੇਂ ਸਿਰ ਦੇਣੀਆਂ
- ਵਿਅਕਤੀ ਨੂੰ ਬਿਸਤਰੇ ਵਿੱਚੋਂ ਉਠਾਉਣ ਜਾਂ ਵਿੱਚ ਲਿਟਾਉਣ, ਪੌੜੀਆਂ ਚੜ੍ਹਣ ਜਾਂ ਉਤਰਨ ਆਦਿ ਵਿੱਚ ਮਦਦ
- ਸਪੈਸ਼ਲ ਚੀਜ਼ਾਂ ਜਿਵੇਂ ਲਿਫ਼ਟ, ਉਠਣ ਬੈਠਣ ਦੀ ਸਹਾਇਤਾ ਲਈ ਹੱਥ ਵਿੱਚ ਫੜਣ ਲਈ ਡੰਡੇ ਜਾਂ ਹੈਂਡਲ ਵਰਗੀਆਂ ਚੀਜ਼ਾਂ (ਗਰੈਬ ਬਾਰਜ਼) ਅਤੇ ਉੱਚੀ ਟਾਇਲੈੱਟ ਸੀਟ
- ਖਾਸ ਖਾਣੇ ਦੀਆਂ ਲੋੜਾਂ
- ਤੁਹਾਡੇ ਘਰ ਦੀ ਸੁਰੱਖਿਆ ਅਤੇ ਬਚਾਅ।

## ਹੋਰ ਵਧੀਕ ਜਾਣਕਾਰੀ ਲਈ

- BC HealthGuide (ਬੀ.ਸੀ. ਹੈੱਲਥ ਗਾਈਡ) ਕਿਤਾਬ ਜੋ ਬੀ.ਸੀ. ਵਿੱਚ ਕਿਸੇ ਵੀ ਫ਼ਾਰਮੇਸੀ ਜਾਂ ਸਰਕਾਰੀ ਏਜੈਂਟ ਦੇ ਦਫ਼ਤਰ 'ਚੋਂ ਮੁਫ਼ਤ ਮਿਲਦੀ ਹੈ
- ਬੀ.ਸੀ. ਹੈੱਲਥ ਅਥਾਰਿਟੀ ਦੀ ਵੈੱਬਸਾਈਟ www.healthservices.gov.bc.ca/socsec/ ਦੇਖੋ
- Emergency Management BC (ਐਮਰਜੈਂਸੀ ਮੈਨੇਜਮੈਂਟ ਬੀ.ਸੀ.) ਦੇ ਸੂਬਾਈ ਐਮਰਜੈਂਸੀ ਪ੍ਰੋਗਰਾਮ ਦੀ ਵੈੱਬਸਾਈਟ www.pep.bc.ca ਦੇਖੋ
- Public Safety Canada (ਪਬਲਿਕ ਸੇਫ਼ਟੀ ਕੈਨੇਡਾ) ਦੀ ਵੈੱਬਸਾਈਟ www.ps-sp.gc.ca/chan/cit/index-en.asp ਦੇਖੋ

ਬੀ.ਸੀ. ਹੈਲਥਫਾਈਲ ਦੇ ਹੋਰ ਵਿਸ਼ਿਆਂ ਬਾਰੇ ਜਾਣਨ ਲਈ www.HealthLinkBC.ca/healthfiles/index.stm ਵੇਖੋ ਜਾਂ ਆਪਣੀ ਸਥਾਨਕ ਜਨਤਕ ਸਿਹਤ ਯੂਨਿਟ ਵਿਖੇ ਜਾਓ।

ਗੈਰ-ਹੰਗਾਮੀ ਸਿਹਤ ਜਾਣਕਾਰੀ ਅਤੇ ਬੀ.ਸੀ. ਵਿਚਲੀਆਂ ਸੇਵਾਵਾਂ ਲਈ www.HealthLinkBC.ca 'ਤੇ ਕਲਿੱਕ ਕਰੋ ਜਾਂ **8-1-1** 'ਤੇ ਫੋਨ ਕਰੋ।

ਬੋਲ਼ੇ ਅਤੇ ਉੱਚਾ ਸੁਣਨ ਵਾਲ਼ੇ ਮਦਦ ਲਈ ਬੀ.ਸੀ. ਵਿੱਚ **7-1-1** 'ਤੇ ਫੋਨ ਕਰ ਸਕਦੇ ਹਨ।

ਮੰਗੇ ਜਾਣ 'ਤੇ 130 ਤੋਂ ਵੱਧ ਬੋਲੀਆਂ ਵਿੱਚ ਅਨੁਵਾਦ ਦੀਆਂ ਸੇਵਾਵਾਂ ਉਪਲਬਧ ਹਨ।